BRAMPTON Flower City brampton.ca

media release

ਤੁਰੰਤ ਰਿਲੀਜ਼ ਲਈ

# ਸੂਬੇ ਦੀ ਰੀਜਨਲ ਗਵਰਨਮੈਂਟ ਰਿਵਿਊ ਵਿੱਚ ਆਪਣੀ ਰਾਏ ਦਿਓ

ਬ੍ਰੈਂਪਟਨ, ਓਨਟੈਰੀਓ (5 ਅਪ੍ਰੈਲ, 2019) – ਸਿਟੀ ਆਫ ਬ੍ਰੈਂਪਟਨ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੀ ਹੈ ਕਿ ਉਹ ਇਸ ਬਸੰਤ ਰੁੱਤ ਵਿੱਚ ਹੋਣ ਵਾਲੀ ਰੀਜਨਲ ਗਵਰਨਮੈਂਟ ਰਿਵਿਊ (Regional Government Review) ਬਾਰੇ ਆਪਣੀ ਰਾਏ ਅਤੇ ਸੁਝਾਅ ਦੇਣ।

ਇਸ ਸਾਲ ਦੇ ਸ਼ੁਰੂ ਵਿੱਚ, ਪ੍ਰੋਵਿੰਸ ਆਫ ਓਨਟੈਰੀਓ (Province of Ontario) ਨੇ ਇਹ ਯਕੀਨੀ ਬਣਾਉਣ ਲਈ ਰੀਜਨਲ ਸਰਕਾਰਾਂ ਦੀ ਸਮੀਖਿਆ ਕਰਨਾ ਸ਼ੁਰੂ ਕੀਤਾ ਸੀ ਕਿ ਮਿਊਨਿਸਿਪਲ ਅਤੇ ਰੀਜਨਲ ਸਰਕਾਰਾਂ ਵੱਧ ਤੋਂ ਵੱਧ ਅਸਰਦਾਰ ਢੰਗ ਨਾਲ ਅਤੇ ਕੁਸ਼ਲਤਾ ਨਾਲ ਕੰਮ ਕਰਦੀਆਂ ਹਨ ਅਤੇ ਉਹ ਅਜਿਹੀਆਂ ਜ਼ਰੂਰੀ ਸੇਵਾਵਾਂ ਮੁਹੱਈਆ ਕਰਨਾ ਜਾਰੀ ਰੱਖ ਸਕਦੀਆਂ ਹਨ, ਜਿਹਨਾਂ ਉੱਤੇ ਭਾਈਚਾਰੇ ਨਿਰਭਰ ਰਹਿ ਸਕਦੇ ਹਨ।

ਇਸ ਸਮੀਖਿਆ ਦਾ ਨਤੀਜਾ ਰੀਜਨ ਆਫ ਪੀਲ (Region of Peel) ਦੇ ਸ਼ਾਸਨ ਸਬੰਧੀ ਢਾਂਚੇ ਤੇ ਅਸਰ ਪਾ ਸਕਦਾ ਹੈ, ਜੋ ਸਿਟੀਜ਼ ਆਫ ਬ੍ਰੈਂਪਟਨ, ਮਿਸੀਸਾਗਾ (Mississauga), ਅਤੇ ਟਾਊਨ ਆਫ ਕੈਲੇਡਨ (Town of Caledon) ਦੇ ਨਾਲ ਮਿਲ ਕੇ ਬਣਿਆ ਹੈ।

**ਆਪਣੀ ਰਾਏ ਦਿਓ**

ਸੂਬੇ ਵੱਲੋਂ ਸੰਚਾਲਿਤ ਕੀਤੇ ਜਾਣ ਵਾਲੇ ਮਸ਼ਵਰੇ 21 ਮਈ ਨੂੰ ਖ਼ਤਮ ਹੋ ਜਾਣਗੇ। ਇਸਤੋਂ ਪਹਿਲਾਂ ਮਿਊਨਿਸਿਪਲਟੀਜ਼ ਅਤੇ ਨਿਵਾਸੀਆਂ ਲਈ ਸੁਝਾਅ ਦੇਣ ਦੇ ਕਈ ਤਰੀਕੇ ਹਨ:

**1. ਖਾਸ ਸਲਾਹਕਾਰਾਂ ਨੂੰ ਆ ਕੇ ਮਿਲੋ**

ਵਿਅਕਤੀ ਅਤੇ ਸੰਗਠਨ, ਸਮੀਖਿਆ ਦੇ ਖਾਸ ਸਲਾਹਕਾਰਾਂ ਨਾਲ ਵਿਅਕਤੀਗਤ ਰੂਪ ਵਿੱਚ ਗੱਲ ਕਰਨ ਲਈ ਇੱਕ ਬੇਨਤੀ ਪ੍ਰਸਤੁਤ ਕਰ ਸਕਦੇ ਹਨ। ਇਹ ਸਲਾਹਕਾਰਾਂ ਲਈ ਸਿੱਧੇ ਤੁਹਾਡੇ ਤੋਂ ਰਾਏ ਲੈਣ ਦਾ ਮੌਕਾ ਹੈ – ਤੁਸੀਂ ਉਹ ਲੋਕ ਹੋ, ਜੋ ਸਮੀਖਿਆ ਵਿੱਚ ਸ਼ਾਮਲ ਕੀਤੀਆਂ ਮਿਊਨਿਸਿਪਲਟੀਜ਼ ਵਿੱਚ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਸਮਾਂ ਬਿਤਾਉਂਦੇ ਹੋ।

ਥਾਵਾਂ ਸੀਮਿਤ ਹਨ, ਅਤੇ ਗੱਲ ਕਰਨ ਲਈ ਪ੍ਰਸਤੁਤੀਆਂ (submissions to speak) **ਸਿਰਫ਼ 3 ਅਪ੍ਰੈਲ ਤੋਂ 9 ਅਪ੍ਰੈਲ** ਤੱਕ ਦਿੱਤੀਆਂ ਜਾ ਸਕਦੀਆਂ ਹਨ। ਬ੍ਰੈਂਪਟਨ ਵਿੱਚ ਇਹ ਮੌਕਾ ਰੀਜਨ ਆਫ ਪੀਲ (10 ਪੀਲ ਸੈਂਟਰ ਡ੍ਰਾਈਵ, ਬ੍ਰੈਂਪਟਨ) (Region of Peel) (10 Peel Centre Drive, Brampton) ਵਿੱਚ 8 ਮਈ, 2019 ਨੂੰ ਤੈਅ ਕੀਤਾ ਗਿਆ ਹੈ।

**2. ਲਿਖਤੀ ਪ੍ਰਸਤੁਤੀ ਭੇਜੋ**

ਸੂਬਾ ਲਿਖਤ ਪ੍ਰਸਤੁਤੀਆਂ ਵੀ ਸਵੀਕਾਰ ਕਰ ਰਿਹਾ ਹੈ – ਈਮੇਲ ਜਾਂ ਪੱਤਰ ਰਾਹੀਂ (either by email or letter)।

**3. ਔਨਲਾਈਨ ਸਰਵੇਖਣ ਭਰੋ**

ਤੁਸੀਂ ਸੂਬੇ ਦਾ ਸਰਵੇਖਣ (survey) ਔਨਲਾਈਨ ਵੀ ਪੂਰਾ ਕਰ ਸਕਦੇ ਹੋ।

**ਸਿਟੀ ਆਫ ਬ੍ਰੈਂਪਟਨ ਦੀ ਤੁਲਨਾ ਵਿੱਚ ਰੀਜਨ ਆਫ ਪੀਲ ਕਿਹੜੀਆਂ ਸੇਵਾਵਾਂ ਦਿੰਦਾ ਹੈ?**

ਰੇਕ੍ਰੀਏਸ਼ਨ ਸਬੰਧੀ ਪ੍ਰੋਗਰਾਮ ਚਲਾਉਣ ਤੋਂ ਲੈ ਕੇ ਕੂੜਾ ਇਕੱਤਰ ਕਰਨ ਤੱਕ, ਰੀਜਨ ਆਫ ਪੀਲ ਅਤੇ ਸਿਟੀ ਆਫ ਬ੍ਰੈਂਪਟਨ ਕਈ ਜ਼ਰੂਰੀ ਸੇਵਾਵਾਂ ਪੇਸ਼ ਕਰਦੇ ਹਨ। ਇਸ ਬਾਰੇ ਸਧਾਰਨ ਵਿਸ਼ਲੇਸ਼ਣ ਲਈ ਕਿ ਕੌਣ ਕੀ ਕਰਦਾ ਹੈ, ਇਹ ਲਿੰਕ ਫਾੱਲੋ ਕਰੋ (Follow this link)।

**ਰੀਜਨਲ ਗਵਰਨਮੈਂਟ ਰਿਵਿਊ ਦੇ ਸਬੰਧ ਵਿੱਚ ਸਿਟੀ ਕੀ ਕਰ ਰਹੀ ਹੈ?**

ਸਿਟੀ ਆਫ ਬ੍ਰੈਂਪਟਨ ਲੰਮੇ ਸਮੇਂ ਤੋਂ ਰੀਜਨ ਆਫ ਪੀਲ ਵਿੱਚ ਨਿਰਪੱਖ ਪ੍ਰਤੀਨਿੱਧਤਾ (fair representation) ਦੀ ਹਿਮਾਇਤ ਕਰ ਰਹੀ ਹੈ। ਇਹ ਅਜਿਹੇ ਫੈਸਲੇ ਲੈਣ ਦੇ ਸਮੇਂ ਦ੍ਰਿੜ੍ਹ ਰਾਏ ਵੀ ਰੱਖਦੀ ਹੈ, ਜੋ ਬ੍ਰੈਂਪਟਨ ਦੇ ਨਿਵਾਸੀਆਂ ਤੇ ਅਸਰ ਪਾਉਂਦੇ ਹਨ। ਸਟਾਫ ਅਪ੍ਰੈਲ ਵਿੱਚ ਕਾਉਂਸਿਲ ਨੂੰ ਇੱਕ ਰਿਪੋਰਟ ਦੇਵੇਗਾ। ਜਨਤਕ ਸਲਾਹ ਸਬੰਧੀ ਹੋਰ ਮੌਕੇ ਅਗਲੇ ਦੋ ਮਹੀਨਿਆਂ ਤੱਕ ਉਪਲਬਧ ਹੋਣਗੇ। ਹੋਰ ਅੱਪਡੇਟਾਂ ਲਈ ਸਿਟੀ ਦੀ ਵੈਬਸਾਈਟ ਅਤੇ ਸੋਸ਼ਲ ਮੀਡੀਆ ਚੈਨਲਾਂ ਰਾਹੀਂ ਜੁੜੇ ਰਹੋ।

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca